NSW Health (NSW ਸਿਹਤ ਵਿਭਾਗ)

ਡਿਪਥੀਰੀਆ (ਗਲ਼-ਘੋਟੂ ਰੋਗ), ਟੈਟਨਸ (ਧੁਣਖਵਾ) ਅਤੇ ਪਰਟੂਸਿਸ (ਕਾਲੀ ਖਾਂਸੀ) (dTpa) ਦਾ ਟੀਕਾਕਰਨ

ਮਾਪਿਆਂ ਲਈ ਜਾਣਕਾਰੀ ਪੱਤਰ

ਆਸਟ੍ਰੇਲੀਆਈ ਸਰਕਾਰ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ (NIP) ਦੇ ਤਹਿਤ ਕਿਸ਼ੋਰਾਂ ਲਈ ਕੁੱਝ ਕੁ ਟੀਕੇ ਮੁਫ਼ਤ ਉਪਲਬਧ ਕਰਵਾਉਂਦੀ ਹੈ।

ਪ੍ਰ: ਡਿਪਥੀਰੀਆ, ਟੈਟਨਸ ਅਤੇ ਪਰਟੂਸਿਸ (ਕਾਲੀ ਖਾਂਸੀ) ਕੀ ਹਨ?

ਡਿਪਥੀਰੀਆ ਇੱਕ ਬੈਕਟੀਰੀਆ ਦੀ ਲਾਗ ਹੈ ਜੋ ਆਸਾਨੀ ਨਾਲ ਫ਼ੈਲਦੀ ਹੈ ਅਤੇ ਸਾਹ ਲੈਣ ਵਿੱਚ ਮੁਸ਼ਕਲ, ਚਮੜੀ ਦੇ ਜ਼ਖਮ, ਜਾਂ ਦਿਲ ਦੀਆਂ ਮਾਸਪੇਸ਼ੀਆਂ ਜਾਂ ਨਸਾਂ ਦੀ ਸੋਜਸ਼ ਦਾ ਕਾਰਨ ਬਣ ਸਕਦੀ ਹੈ।

ਟੈਟਨਸ ਇੱਕ ਖ਼ਤਰਨਾਕ ਬਿਮਾਰੀ ਹੈ ਜੋ ਬੈਕਟੀਰੀਆ ਕਾਰਨ ਹੁੰਦੀ ਹੈ। ਇਹ ਨਸਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਮਾਸਪੇਸ਼ੀਆਂ ਵਿੱਚ ਦਰਦ ਭਰੇ ਕੜਵੱਲ, ਜਬਾੜਾ ਜਾਮ ਹੋ ਜਾਣਾ, ਅਤੇ ਹੋਰ ਪੇਚੀਦਗੀਆਂ ਪੈਦਾ ਕਰ ਸਕਦੀ ਹੈ ਜਿਵੇਂ ਕਿ ਨਮੂਨੀਆ ਜਾਂ ਹੱਡੀਆਂ ਦਾ ਟੁੱਟਣਾ (ਮਾਸਪੇਸ਼ੀ ਦੇ ਕੜਵੱਲਾਂ ਕਾਰਨ)।

ਕਾਲੀ ਖਾਂਸੀ ਇੱਕ ਬੈਕਟੀਰੀਆ ਦੀ ਲਾਗ ਹੈ ਜੋ ਗੰਭੀਰ ਖੰਘ ਅਤੇ ਸਾਹ ਲੈਣ ਵਿੱਚ ਮੁਸ਼ਕਲ ਦਾ ਕਾਰਨ ਬਣਦੀ ਹੈ। ਇਹ ਬੱਚਿਆਂ ਵਿੱਚ ਜਾਨਲੇਵਾ ਹੋ ਸਕਦੀ ਹੈ। ਵੱਡੇ ਬੱਚਿਆਂ ਅਤੇ ਬਾਲਗਾਂ ਵਿੱਚ, ਇਹ ਖਾਂਸੀ ਮਹੀਨਿਆਂ ਤੱਕ ਰਹਿ ਸਕਦੀ ਹੈ।

ਪ੍ਰ: ਇਹ ਬਿਮਾਰੀਆਂ ਕਿਵੇਂ ਫ਼ੈਲਦੀਆਂ ਹਨ?

ਡਿਪਥੀਰੀਆ ਇਹ ਖੰਘਣ, ਛਿੱਕਣ, ਜਾਂ ਇਸ ਨਾਲ ਪੀੜਤ ਵਿਅਕਤੀ ਦੇ ਮੂੰਹ, ਨੱਕ, ਜਾਂ ਚਮੜੀ ਵਿੱਚੋਂ ਨਿਕਲਣ ਵਾਲੇ ਪਦਾਰਥਾਂ ਦੇ ਸੰਪਰਕ ਰਾਹੀਂ ਫ਼ੈਲਦਾ ਹੈ।

ਟੈਟਨਸ ਮਿੱਟੀ ਵਿੱਚ ਹੋਣ ਵਾਲੇ ਬੈਕਟੀਰੀਆ ਕਾਰਨ ਹੁੰਦਾ ਹੈ। ਇਹ ਸਰੀਰ ਵਿੱਚ ਮਿੱਟੀ, ਧੂੜ ਜਾਂ ਮਲ-ਮੂਤਰ ਨਾਲ ਦੂਸ਼ਿਤ ਕੱਟਾਂ, ਖਰੋਚਾਂ ਜਾਂ ਜ਼ਖ਼ਮਾਂ ਰਾਹੀਂ ਦਾਖ਼ਲ ਹੁੰਦਾ ਹੈ।

ਕਾਲੀ ਖਾਂਸੀ ਖੰਘਣ ਜਾਂ ਛਿੱਕਣ ਨਾਲ ਨਿਕਲਣ ਵਾਲੀਆਂ ਬੂੰਦਾਂ ਰਾਹੀਂ ਫ਼ੈਲਦੀ ਹੈ। ਜੇਕਰ ਇਲਾਜ ਨਾ ਕੀਤਾ ਜਾਵੇ, ਤਾਂ ਬੀਮਾਰ ਵਿਅਕਤੀ ਆਪਣੀ ਖੰਘ ਸ਼ੁਰੂ ਹੋਣ ਤੋਂ ਬਾਅਦ ਤਕਰੀਬਨ 3 ਹਫ਼ਤੇ ਤੱਕ ਇਸਨੂੰ ਹੋਰਾਂ ਨੂੰ ਲਗਾ ਸਕਦਾ ਹੈ।

ਪ੍ਰ: ਵੈਕਸੀਨਾਂ ਕਿਵੇਂ ਕੰਮ ਕਰਦੀਆਂ ਹਨ?

ਵੈਕਸੀਨ ਤੁਹਾਡੇ ਰੋਗ-ਪ੍ਰਤੀਰੋਧਕ ਤੰਤਰ (ਇਮਿਊਨ ਸਿਸਟਮ) ਨੂੰ ਇਨਫੈਕਸ਼ਨਾਂ ਨਾਲ ਲੜਨ ਵਿੱਚ ਮੱਦਦ ਕਰਦੀਆਂ ਹਨ। ਜੇਕਰ ਕੋਈ ਵਿਅਕਤੀ ਜੋ ਟੀਕਾਕਰਨ ਕਰਵਾ ਚੁੱਕਾ ਹੈ, ਉਹ ਇਨ੍ਹਾਂ ਇਨਫੈਕਸ਼ਨਾਂ ਦੇ ਸੰਪਰਕ ਵਿੱਚ ਆਉਂਦਾ ਹੈ, ਤਾਂ ਉਹਨਾਂ ਦਾ ਰੋਗ-ਪ੍ਰਤੀਰੋਧਕ ਤੰਤਰ ਇਸ ਨਾਲ ਬਿਹਤਰ ਢੰਗ ਨਾਲ ਲੜ ਸਕਦਾ ਹੈ – ਜਾਂ ਤਾਂ ਬਿਮਾਰੀ ਹੋਣ ਤੋਂ ਰੋਕ ਸਕਦਾ ਹੈ ਜਾਂ ਇਸਨੂੰ ਘੱਟ ਗੰਭੀਰ ਬਣਾ ਸਕਦਾ ਹੈ।

ਪ੍ਰ: ਇਹ ਵੈਕਸੀਨ ਕਿੰਨੀ ਕੁ ਪ੍ਰਭਾਵਸ਼ਾਲੀ ਹੈ?

ਇਹ ਟੀਕਾ ਡਿਪਥੀਰੀਆ ਅਤੇ ਟੈਟਨਸ ਨੂੰ ਰੋਕਣ ਲਈ ਬਹੁਤ ਪ੍ਰਭਾਵਸ਼ਾਲੀ ਹੈ ਅਤੇ ਕਾਲੀ ਖਾਂਸੀ ਦੇ ਵਿਰੁੱਧ ਲਗਭਗ 80% ਪ੍ਰਭਾਵਸ਼ਾਲੀ ਹੈ।

ਪ੍ਰ: ਮੇਰੇ ਬੱਚੇ ਨੂੰ ਕਿੰਨੀਆਂ ਖ਼ੁਰਾਕਾਂ ਲਗਵਾਉਣ ਦੀ ਲੋੜ ਹੈ?

ਜੇਕਰ ਤੁਹਾਡੇ ਬੱਚੇ ਨੇ 3 ਖ਼ੁਰਾਕਾਂ ਦਾ ਕੋਰਸ ਪੂਰਾ ਕਰ ਲਿਆ ਹੈ, ਤਾਂ ਤੁਹਾਡੇ ਬੱਚੇ ਨੂੰ 12-13 ਸਾਲ ਦੀ ਉਮਰ ਵਿੱਚ **dTpa ਟੀਕੇ** ਦੀ ਇੱਕ ਬੂਸਟਰ ਖ਼ੁਰਾਕ ਦੀ ਲੋੜ ਹੋਵੇਗੀ ਤਾਂ ਜੋ ਉਹ ਬਾਲਗ ਹੋਣ ਤੱਕ ਸੁਰੱਖਿਅਤ ਰਹਿ ਸਕੇ।

ਜੇਕਰ ਤੁਹਾਡੇ ਬੱਚੇ ਨੂੰ ਕਦੇ ਵੀ ਡਿਪਥੀਰੀਆ, ਟੈਟਨਸ ਅਤੇ ਪਰਟੂਸਿਸ ਟੀਕਾ ਨਹੀਂ ਲਗਾਇਆ ਗਿਆ ਹੈ, ਤਾਂ ਉਸਨੂੰ ਡਿਪਥੀਰੀਆ-ਟੈਟਨਸ ਟੀਕੇ ਦੀਆਂ 3 ਖ਼ੁਰਾਕਾਂ ਦੀ ਲੋੜ ਹੋਵੇਗੀ। ਟੀਕੇ ਦੀ ਘੱਟੋ-ਘੱਟ ਇੱਕ ਖ਼ੁਰਾਕ ਨੂੰ ਕਾਲੀ ਖਾਂਸੀ ਤੋਂ ਵੀ ਬਚਾਉਣਾ ਚਾਹੀਦਾ ਹੈ, ਇਨ੍ਹਾਂ ਖ਼ੁਰਾਕਾਂ ਦੇ ਵਿਚਕਾਰ ਘੱਟੋ-ਘੱਟ 4 ਹਫ਼ਤੇ ਦਾ ਅੰਤਰਾਲ ਹੋਣਾ ਚਾਹੀਦਾ ਹੈ।

ਪ੍ਰ: ਇਹ ਵੈਕਸੀਨ ਕਿਸ ਨੂੰ ਲਗਵਾਉਣੀ ਚਾਹੀਦੀ ਹੈ?

ਸਾਰੇ ਕਿਸ਼ੋਰਾਂ ਨੂੰ ਡਿਪਥੀਰੀਆ, ਟੈਟਨਸ ਅਤੇ ਕਾਲੀ ਖਾਂਸੀ ਤੋਂ ਬਚਾਅ ਲਈ **dTpa ਵੈਕਸੀਨ** ਦੀ ਇੱਕ ਖ਼ੁਰਾਕ ਲੈਣੀ ਚਾਹੀਦੀ ਹੈ।

ਇਹ ਬੂਸਟਰ ਖ਼ੁਰਾਕ ਬਚਪਨ ਵਿੱਚ ਲੱਗੇ ਸ਼ੁਰੂਆਤੀ ਟੀਕਿਆਂ ਤੋਂ ਬਾਅਦ ਉਨ੍ਹਾਂ ਦੀ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹੈ। ਜੇਕਰ ਤੁਹਾਡੇ ਬੱਚੇ ਨੂੰ ਪਹਿਲਾਂ ਵੀ ਡਿਪਥੀਰੀਆ-ਟੈਟਨਸ ਦਾ ਟੀਕਾ ਲੱਗ ਚੁੱਕਾ ਹੈ, ਤਾਂ ਵੀ ਉਹ ਕਾਲੀ ਖਾਂਸੀ ਤੋਂ ਸੁਰੱਖਿਆ ਵਧਾਉਣ ਲਈ dTpa ਟੀਕਾ ਲਗਵਾ ਸਕਦਾ ਹੈ।

ਪ੍ਰ: ਇਹ ਵੈਕਸੀਨ ਕਿਸਨੂੰ ਨਹੀਂ ਲਗਵਾਉਣੀ ਚਾਹੀਦੀ ਹੈ?

ਇਹ ਵੈਕਸੀਨ ਕਿਸੇ ਵੀ ਅਜਿਹੇ ਵਿਅਕਤੀ ਨੂੰ ਨਾ ਦਿਓ ਜੋ:

- **ਪਿਛਲੀ ਖ਼ੁਰਾਕ ਤੋਂ ਗੰਭੀਰ ਐਲਰਜੀ ਪ੍ਰਤੀਕਿਰਿਆ (ਐਨਾਫਾਇਲੈਕਸਿਸ) ਦਾ ਸ਼ਿਕਾਰ ਹੋਏ ਹੋਣ**
- **ਟੀਕੇ ਦੇ ਕਿਸੇ ਤੱਤ ਪ੍ਰਤੀ ਗੰਭੀਰ ਐਲਰਜੀ ਪ੍ਰਤੀਕਿਰਿਆ ਹੋਈ ਹੋਵੇ।**

ਕੀ ਗਰਭਵਤੀ ਔਰਤਾਂ ਇਹ ਵੈਕਸੀਨ ਲਗਵਾ ਸਕਦੀਆਂ ਹਨ?

ਹਾਂ। ਗਰਭਵਤੀ ਔਰਤਾਂ ਨੂੰ ਹਰ ਗਰਭ-ਅਵਸਥਾ ਦੇ 20 ਤੋਂ 32 ਹਫ਼ਤਿਆਂ ਦੇ ਵਿਚਕਾਰ ਇਹ ਵੈਕਸੀਨ ਲਗਵਾਉਣੀ ਚਾਹੀਦੀ ਹੈ, ਇਹ ਬੱਚੇ ਨੂੰ ਉਸਦੇ ਪਹਿਲੇ ਕੁੱਝ ਮਹੀਨਿਆਂ ਵਿੱਚ ਸੁਰੱਖਿਅਤ ਰੱਖਣ ਵਿੱਚ ਮੱਦਦ ਕਰ ਸਕਦੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਸਕੂਲ ਵਿੱਚ ਜਾਂ ਇੰਟੈਂਸਿਵ ਇੰਗਲਿਸ਼ ਸੈਂਟਰ (IEC) ਰਾਹੀਂ ਟੀਕਾਕਰਨ ਨਹੀਂ ਕੀਤਾ ਜਾ ਰਿਹਾ ਹੈ, ਤਾਂ ਉਸਨੂੰ GP ਜਾਂ ਫਾਰਮੇਸੀ ਤੋਂ ਟੀਕਾਕਰਨ ਕਰਵਾਉਣ ਦੀ ਲੋੜ ਹੋਵੇਗੀ। ਟੀਕਾਕਰਨ ਵਾਲੇ ਦਿਨ, ਨਰਸਾਂ ਵਿਦਿਆਰਥਣਾਂ ਤੋਂ ਪੁੱਛਣਗੀਆਂ ਕਿ ਕੀ ਉਹ ਗਰਭਵਤੀ ਹਨ ਜਾਂ ਹੋ ਸਕਦੀਆਂ ਹਨ। ਜੇਕਰ ਕੋਈ ਵਿਦਿਆਰਥਣ "ਹਾਂ" ਕਹਿੰਦੀ ਹੈ, ਤਾਂ ਉਸਦਾ ਟੀਕਾਕਰਨ ਨਹੀਂ ਕੀਤਾ ਜਾਵੇਗਾ। ਉਸਨੂੰ ਆਪਣੇ ਮਾਤਾ-ਪਿਤਾ ਜਾਂ ਡਾਕਟਰ ਨਾਲ ਗੱਲ ਕਰਨ ਦੀ ਸਲਾਹ ਦਿੱਤੀ ਜਾਵੇਗੀ ਅਤੇ ਸਹਾਇਤਾ ਸੇਵਾ ਦੀ ਸੰਪਰਕ ਜਾਣਕਾਰੀ ਦਿੱਤੀ ਜਾਵੇਗੀ।

ਪ੍ਰ: ਵੈਕਸੀਨਾਂ ਕਿੰਨ੍ਹੀਆਂ ਕੁ ਸੁਰੱਖਿਅਤ ਹਨ?

ਆਸਟ੍ਰੇਲੀਆ ਵਿੱਚ ਵੈਕਸੀਨ ਬਹੁਤ ਸੁਰੱਖਿਅਤ ਹਨ। ਇਨ੍ਹਾਂ ਨੂੰ ਥੈਰੇਪਿਊਟਿਕ ਗੁਡਜ਼ ਐਡਮਿਨਿਸਟ੍ਰੇਸ਼ਨ (TGA) ਵੱਲੋਂ ਮੰਨਜ਼ੂਰੀ ਮਿਲਣ ਤੋਂ ਪਹਿਲਾਂ ਸਖ਼ਤ ਸੁਰੱਖਿਆ ਜਾਂਚਾਂ ਵਿੱਚੋਂ ਲੰਘਣਾ ਪੈਂਦਾ ਹੈ। TGA ਵੈਕਸੀਨ ਦੀ ਵਰਤੋਂ ਹੋਣ ਤੋਂ ਬਾਅਦ ਵੀ ਉਨ੍ਹਾਂ 'ਤੇ ਨਜ਼ਰ ਰੱਖਦਾ ਹੈ।

ਪ੍ਰ: ਇਸ ਵੈਕਸੀਨ ਵਿੱਚ ਕੀ ਹੈ?

ਇਸ ਟੀਕੇ ਵਿੱਚ ਥੋੜ੍ਹੀ ਮਾਤਰਾ ਵਿੱਚ ਇਹ ਪਦਾਰਥ ਹੁੰਦੇ ਹਨ:

- **ਐਲੂਮੀਨੀਅਮ ਹਾਈਡ੍ਰੋਕਸਾਈਡ ਅਤੇ ਫਾਸਫੇਟ**
- **ਫਾਰਮਾਲਡੀਹਾਈਡ**
- **ਪੋਲਿਸੋਰਬੇਟ 80**
- **ਗਲਾਈਸੀਨ।**

ਇਹ ਨਿਰਮਾਣ ਦੌਰਾਨ ਗਊਆਂ ਤੋਂ ਪ੍ਰਾਪਤ ਸਮੱਗਰੀ ਦੇ ਸੰਪਰਕ ਵਿੱਚ ਵੀ ਆਇਆ ਸੀ।

ਪ੍ਰ: ਇਸ ਵੈਕਸੀਨ ਦੇ ਮਾੜੇ ਪ੍ਰਭਾਵ ਕੀ ਹਨ?

ਹਲਕੇ ਮਾੜੇ ਪ੍ਰਭਾਵ ਆਮ ਗੱਲ ਹਨ ਅਤੇ ਇਨ੍ਹਾਂ ਵਿੱਚ ਸ਼ਾਮਲ ਹੋ ਸਕਦੇ ਹਨ:

- **ਟੀਕਾਕਰਨ ਵਾਲੀ ਥਾਂ 'ਤੇ ਲਾਲੀ, ਸੋਜ਼, ਜਾਂ ਦਰਦ**
- **ਬੁਖ਼ਾਰ।**

ਗੰਭੀਰ ਮਾੜੇ ਪ੍ਰਭਾਵ ਬਹੁਤ ਹੀ ਘੱਟ ਹੁੰਦੇ ਹਨ।

ਹੋਰ ਜਾਣਕਾਰੀ ਲਈ, health.nsw.gov.au/schoolvaccination 'ਤੇ ਖ਼ਪਤਕਾਰ ਦਵਾਈਆਂ ਦੀ ਜਾਣਕਾਰੀ (CMI) ਦੇਖੋ। ਜੇਕਰ ਤੁਸੀਂ ਮਾੜੇ ਪ੍ਰਭਾਵਾਂ ਬਾਰੇ ਚਿੰਤਤ ਹੋ, ਤਾਂ ਆਪਣੇ GP ਨਾਲ ਸੰਪਰਕ ਕਰੋ।

ਪ੍ਰ: ਐਨਾਫਿਲੈਕਸਿਸ ਕੀ ਹੁੰਦਾ ਹੈ?

ਐਨਾਫਿਲੈਕਸਿਸ ਇੱਕ ਬਹੁਤ ਹੀ ਦੁਰਲੱਭ ਪਰ ਗੰਭੀਰ ਐਲਰਜੀ ਪ੍ਰਤੀਕ੍ਰਿਆ ਹੈ। ਜੇਕਰ ਜਲਦੀ ਇਲਾਜ ਨਾ ਕੀਤਾ ਜਾਵੇ ਤਾਂ ਇਹ ਬੇਹੋਸ਼ੀ ਜਾਂ ਮੌਤ ਦਾ ਕਾਰਨ ਬਣ ਸਕਦੀ ਹੈ। ਟੀਕਾਕਰਨ ਪ੍ਰਦਾਤਾਵਾਂ ਨੂੰ ਐਨਾਫਿਲੈਕਸਿਸ ਦਾ ਇਲਾਜ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ।

ਪ੍ਰ: ਜੇਕਰ ਕਿਸੇ ਵਿਅਕਤੀ ਨੂੰ ਪਹਿਲਾਂ ਲਗਾਏ ਗਏ ਟੀਕੇ ਪ੍ਰਤੀ ਐਲਰਜੀ ਪ੍ਰਤੀਕਿਰਿਆ ਹੋਈ ਹੋਵੇ ਤਾਂ ਕੀ ਹੋਵੇਗਾ?

ਜੇਕਰ ਵਿਅਕਤੀ ਨੂੰ ਪਿਛਲੀ ਟੀਕੇ ਪ੍ਰਤੀ ਤੁਰੰਤ ਗੰਭੀਰ ਐਲਰਜੀ ਪ੍ਰਤੀਕਿਰਿਆ ਨਹੀਂ ਹੋਈ, ਤਾਂ ਉਸ ਲਈ dTpa ਟੀਕਾ ਲਗਵਾਉਣਾ ਸੁਰੱਖਿਅਤ ਹੈ।